SED-EDU303/18/2026-3EDU3

I/1502214/2026

2026116677
17/9/2026

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ।
2. ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ।
3. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)।

ਮਿਤੀ, ਚੰਡੀਗੜ੍ਹ: 16/09/26

ਵਿਸ਼ਾ: ਸਕੂਲ ਸਿੱਖਿਆ ਵਿਭਾਗ ਅਧੀਨ ਤਰਸ ਦੇ ਆਧਾਰ ਤੇ ਨਿਯੁਕਤੀ ਦੇ ਕੇਸਾਂ ਸਬੰਧੀ ਗਾਇਡਲਾਈਨਜ਼।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਇਸ ਸਬੰਧ ਵਿੱਚ ਆਪ ਨੂੰ ਸਕੂਲ ਸਿੱਖਿਆ ਵਿਭਾਗ ਵਿਖੇ ਪ੍ਰਾਪਤ ਹੋਣ ਵਾਲੇ ਤਰਸ ਦੇ ਆਧਾਰ ਤੇ ਨਿਯੁਕਤੀ ਦੇ ਕੇਸਾਂ ਸਬੰਧੀ ਕਾਰਵਾਈ ਕਰਨ ਲਈ ਗਾਇਡਲਾਈਨਜ਼ ਦੀ ਕਾਪੀ ਭੇਜਦੇ ਹੋਏ ਲਿੱਖਿਆ ਜਾਂਦਾ ਹੈ ਕਿ ਇਹਨਾਂ ਗਾਇਡਲਾਈਨਜ਼ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਅਧੀਨ ਸਕੱਤਰ, ਸਕੂਲ ਸਿੱਖਿਆ

ਪਿ.ਅੰ.ਨੰ. ਉਕਤ ਅਨੁਸਾਰ/I/1502214/2026 (1)

ਮਿਤੀ, ਚੰਡੀਗੜ੍ਹ: 16/09/26

ਉਕਤ ਦਾ ਇੱਕ ਉਤਾਰਾ ਮੈਨੇਜਰ, ਐਮ.ਆਈ.ਐਸ. ਵਿੰਗ, ਦਫਤਰ ਡੀ.ਜੀ.ਐਸ.ਈ., ਪੰਜਾਬ, ਮੋਹਾਲੀ ਨੂੰ ਲੋੜੀਂਦੀ ਹਦਾਇਤਾਂ ਪੋਰਟਲ ਤੇ ਅਪਲੋਡ ਕਰਨ ਹਿਤ ਭੇਜੀਆਂ ਜਾਂਦੀਆਂ ਹਨ।

ਅਧੀਨ ਸਕੱਤਰ, ਸਕੂਲ ਸਿੱਖਿਆ

## ਦਫਤਰ ਜਿਲਾ ਸਿਖਿਆ ਅਫਸਰ (ਸੈਸਿ) ਬਠਿੰਡਾ

ਪੱਤਰ ਨੰ- ਅ-4/2026/1055 ਮਿਤੀ- 17.09.2026

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਜਿਲਾ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਭਵਿੱਖ ਵਿੱਚ ਤਰਸ ਦੇ ਆਧਾਰ ਤੇ ਨੌਕਰੀ ਦੀਆਂ ਉਕਤ ਹਦਾਇਤਾਂ ਸਬੰਧੀ ਪਾਲਣਾ ਯਕੀਣੀ ਬਣਾਈ ਜਾਵੇ। ਜੇਕਰ ਆਪ ਦੇ ਸਕੂਲ ਦੇ ਕਿਸੇ ਕਰਮਚਾਰੀ ਦੀ ਮੌਤ ਹੁੰਦੀ ਹੈ ਤਾਂ ਇਸਦੀ ਜਾਣਕਾਰੀ ਤੁਰੰਤ ਦਫਤਰ ਜਿਲਾ ਸਿਖਿਆ ਅਫਸਰ ਵਿਖੇ ਦੇਣੀ ਯਕੀਣੀ ਬਣਾਈ ਜਾਵੇ, ਇਸ ਸਬੰਧੀ ਦੇਰੀ/ਅਣਗਹਿਲੀ ਕਰਨ ਤੇ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

17/09/26

ਜਿਲਾ ਸਿਖਿਆ ਅਫਸਰ (ਸੈਸਿ)
ਬਠਿੰਡਾ

Scanned with OKEN Scanner

<u>ਤਰਸ ਦੇ ਆਧਾਰ ਤੇ ਨਿਯੁਕਤੀ ਸਬੰਧੀ ਕਮੇਟੀ ਦੀਆਂ ਸਿਫਾਰਸ਼ਾਂ</u>

ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ Umesh Kumar Nagpal Vs State of Haryana and others(1994) S.C cases(138) ਵਿੱਚ ਜਾਰੀ ਹੁਕਮਾਂ ਅਨੁਸਾਰ ਤਰਸ ਦੇ ਆਧਾਰ ਤੇ ਨਿਯੁਕਤੀ ਦਾ ਮੁੱਖ ਮੰਤਵ ਮ੍ਰਿਤਕ ਕਰਮਚਾਰੀ ਦੀ ਮੌਤ ਉਪਰੰਤ ਪਰਿਵਾਰ ਵਿੱਚ ਅਚਾਨਕ ਉਤਪੰਨ ਹੋਈ ਵਿੱਤੀ ਸੰਕਟ ਦੀ ਸਥਿਤੀ ਤੋਂ ਉਭਾਰਨਾ ਹੈ ,ਨਾ ਕਿ ਰੋਜ਼ਗਾਰ ਪ੍ਰਦਾਨ ਕਰਨਾ। ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੇ ਸਨਮੁੱਖ ਪ੍ਰਸੋਨਲ ਵਿਭਾਗ ਵਲੋਂ ਤਰਸ ਦੇ ਆਧਾਰ ਤੇ ਨੌਕਰੀ ਲਈ ਪਾਲਿਸੀ ਮਿਤੀ 21.11.2002 ਸਮੇਤ ਸਮੇਂ ਸਮੇਂ ਤੇ ਜਾਰੀ ਸੋਧਾਂ ਅਨੁਸਾਰ ਲਾਗੂ ਕੀਤੀ ਗਈ ਹੈ।

ਸਕੂਲ ਸਿੱਖਿਆ ਵਿਭਾਗ ਵਿਖੇ ਪ੍ਰਾਪਤ ਤਰਸ ਦੇ ਆਧਾਰ ਦੇ ਕੇਸਾਂ ਵਿੱਚ ਇਹ ਵੇਖਣ ਵਿੱਚ ਆਇਆ ਹੈ ਕਿ ਬਿਨੈਕਾਰਾਂ ਵੱਲੋਂ ਪਾਲਿਸੀ/ ਨਿਯਮਾਂ ਦੀ ਜਾਣਕਾਰੀ ਨਾ ਹੋਣ ਦਾ ਹਵਾਲਾ ਦਿੰਦੇ ਹੋਏ, ਕੇਸ ਲੇਟ ਅਪਲਾਈ ਕੀਤੇ ਜਾਂਦੇ ਹਨ ਅਤੇ ਕਈ ਵਾਰ ਬਿਨੈਕਾਰ ਵੱਲੋਂ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਕੇਸ ਲੇਟ ਅਪਲਾਈ ਕੀਤਾ ਜਾਂਦੇ ਹਨ, ਜਿਸ ਨਾਲ ਇਸ ਪਾਲਿਸੀ ਦਾ ਅਚਾਨਕ ਉੱਤਪੰਨ ਹੋਈ ਵਿੱਤੀ ਤੰਗੀ ਨੂੰ ਦੂਰ ਕਰਨ ਦਾ ਉਦੇਸ਼ ਪੂਰਾ ਨਹੀਂ ਹੁੰਦਾ ਹੈ।

2.0 ਤਰਸ ਦੇ ਆਧਾਰ ਦੇ ਕੇਸਾਂ ਨੂੰ ਵਿਚਾਰਨ ਹਿੱਤ ਸਕੱਤਰ, ਸਕੂਲ ਸਿੱਖਿਆ ਜੀ ਦੇ ਹੁਕਮਾਂ ਮਿਤੀ 19.02.2026 ਅਨੁਸਾਰ ਸਰਕਾਰ ਪੱਧਰ ਤੇ ਤਰਸ ਦੇ ਆਧਾਰ ਤੇ ਨੌਕਰੀ ਲਈ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਦੇ ਮੈਂਬਰ ਹੇਠ ਅਨੁਸਾਰ ਹਨ:

| | |
|---|---|
| i) ਸੰਯੁਕਤ ਸਕੱਤਰ, ਸਕੂਲ ਸਿੱਖਿਆ | ਚੇਅਰਮੈਨ |
| ii) ਉਪ ਸਕੱਤਰ, ਸਕੂਲ ਸਿੱਖਿਆ | ਮੈਂਬਰ |
| iii) ਅਧੀਨ ਸਕੱਤਰ, ਸਕੂਲ ਸਿੱਖਿਆ | ਮੈਂਬਰ |

3.0 ਉਪਰੋਕਤ ਗਠਿਤ ਕਮੇਟੀ ਵੱਲੋਂ ਪ੍ਰਸੋਨਲ ਵਿਭਾਗ ਦੀ ਪਾਲਿਸੀ ਅਤੇ ਸਮੇਂ-ਸਮੇਂ ਸਿਰ ਇਸ ਮਾਮਲਾ ਨਾਲ ਸਬੰਧਤ ਜਾਰੀ ਹਦਾਇਤਾਂ ਅਨੁਸਾਰ ਕੇਸ ਵਿਚਾਰਨ ਲਈ ਹੇਠ ਅਨੁਸਾਰ ਸਿਫਾਰਸ਼ਾਂ ਦਿੱਤੀਆਂ ਗਈਆਂ ਹਨ:

ੳ) <u>ਭਵਿੱਖ ਵਿੱਚ ਮ੍ਰਿਤਕ ਦੀ ਮੌਤ ਉਪਰੰਤ ਪਹਿਲੀ ਵਾਰ ਤਰਸ ਦੇ ਆਧਾਰ ਤੇ ਨੌਕਰੀ ਲਈ ਕੇਸ ਵਿਚਾਰਨ ਸਮੇਂ:</u>

i) ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੀ.ਸੈ/ ਐ.ਸਿ) ਨਿੱਜੀ ਤੌਰ ਤੇ ਕੇਸ ਅਪਲਾਈ ਕਰਨ ਲਈ ਪਰਿਵਾਰ ਨੂੰ ਮੌਤ ਹੋਣ ਤੋਂ ਇੱਕ ਮਹੀਨੇ ਅੰਦਰ ਸਰਕਾਰ ਦੀਆਂ ਹਦਾਇਤਾਂ ਬਾਰੇ ਜਾਣੂ ਕਰਵਾਉਣਗੇ ਅਤੇ ਸੁਨਿਸਚਿਤ ਕਰਨਗੇ ਕਿ ਜੇਕਰ ਮ੍ਰਿਤਕ ਦੀ ਵਿਧਵਾ/ ਵਿਧੁਰ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਉਮਰ ਅਤੇ ਵਿੱਦਿਅਕ ਯੋਗਤਾ ਪੂਰੀ ਕਰਦਾ ਹੈ ਤਾਂ ਉਸ ਨੂੰ ਪਹਿਲ ਦਿੰਦੇ ਹੋਏ, 6 ਮਹੀਨੇ ਦੇ ਅੰਦਰ ਅੰਦਰ ਕੇਸ ਅਪਲਾਈ ਕਰਵਾਉਣਗੇ।

2) ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਸੀ.ਸੈ/ ਐ.ਸਿ) ਵਲੋਂ ਡਾਇਰੈਕਟੋਰੇਟ ਨੂੰ ਕਾਰਵਾਈ ਰਿਪੋਰਟ ਭੇਜੀ ਜਾਵੇਗੀ ਕਿ ਮ੍ਰਿਤਕ ਦੇ ਪਰਿਵਾਰ ਨੂੰ ਤਰਸ ਦੇ ਆਧਾਰ ਤੇ ਨਿਯੁਕਤੀ ਸਬੰਧੀ ਸਰਕਾਰ ਦੀਆਂ ਹਦਾਇਤਾਂ ਬਾਰੇ ਇੱਕ

Scanned with OKEN Scanner

ਮਹੀਨੇ ਦੇ ਵਿੱਚ ਜਾਣੂ ਕਰਵਾ ਦਿੱਤਾ ਗਿਆ। ਇਹ ਕਾਰਵਾਈ ਰਿਪੋਰਟ ਵਾਰਡ/ ਪਿੰਡ ਦੇ ਦੋ ਮੋਹਤਬਾਰੇ ਵਿਅਕਤੀਆਂ ਵੱਲੋਂ ਵੀ ਤਸਦੀਕ ਕਾਰਵਾਈ ਜਾਵੇਗੀ।

3) ਮ੍ਰਿਤਕ ਦੀ ਮੌਤ ਉਪਰੰਤ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਪਹਿਲ ਮ੍ਰਿਤਕ ਦੇ ਵਿਧਵਾ/ ਵਿਧੁਰ ਨੂੰ ਉਸ ਦੀ ਉਮਰ ਅਤੇ ਵਿੱਦਿਅਕ ਯੋਗਤਾ ਅਨੁਸਾਰ ਦਿੱਤੀ ਜਾਵੇਗੀ। ਜੇਕਰ ਵਿਧਵਾ/ ਵਿਧੁਰ ਤਰਸ ਦੇ ਆਧਾਰ ਤੇ ਨੌਕਰੀ ਲਈ ਸ਼ਰਤਾਂ ਪੂਰੀਆਂ ਨਹੀਂ ਕਰਦੇ ਜਾਂ ਫੇਰ ਸ਼ਰਤਾਂ ਪੂਰੀਆਂ ਕਰਦੇ ਹਨ ਪਰੰਤੂ ਪਰਿਵਾਰਕ ਰੁਝੇਵਿਆਂ ਕਾਰਨ ਜਾਂ ਕਿਸੇ ਹੋਰ ਕਾਰਨ ਇਹ ਨੌਕਰੀ ਲੈਣ ਤੋਂ ਇਨਕਾਰ ਕਰਦੇ ਹਨ ਤਾਂ ਉਸ ਉਪਰੰਤ ਹੀ ਨਿਰਭਰ ਪਰਿਵਾਰ ਦੇ ਕਿਸੇ ਹੋਰ ਮੈਂਬਰ ਦਾ ਕੇਸ ਤਰਸ ਦੇ ਆਧਾਰ ਤੇ ਨੌਕਰੀ ਲਈ ਵਿਚਾਰਿਆ ਜਾਵੇਗਾ।

4) ਜੇਕਰ ਮ੍ਰਿਤਕ ਦੇ ਵਿਧਵਾ/ ਵਿਧੁਰ ਨੌਕਰੀ ਦੇ ਯੋਗ ਨਹੀਂ ਹਨ ਜਾਂ ਨੌਕਰੀ ਲੈਣ ਤੋਂ ਇਨਕਾਰ ਕਰਦੇ ਹਨ, ਤਾਂ ਮ੍ਰਿਤਕ ਦੀ ਵਿਧਵਾ/ ਵਿਧੁਰ ਵਲੋਂ ਆਪਣੇ ਪਰਿਵਾਰਕ ਮੈਂਬਰਾਂ ਦੀ ਮ੍ਰਿਤਕ ਤੇ ਨਿਰਭਰਤਾ ਜਾਂ ਫੇਰ ਆਤਮਨਿਰਭਰ ਹੋਣ ਸਬੰਧੀ ਹਲਫੀਆ ਬਿਆਨ ਦਿੱਤਾ ਜਾਵੇਗਾ। ਜੇਕਰ ਵਿਧਵਾ/ਵਿਧੁਰ ਦੀ ਵੀ ਪਹਿਲਾਂ ਹੀ ਮੌਤ ਹੋ ਚੁੱਕੀ ਹੋਵੇ ਤਾਂ ਸਬੰਧਤ ਪਰਿਵਾਰਕ ਮੈਂਬਰ ਵਲੋਂ ਮ੍ਰਿਤਕ ਤੇ ਨਿਰਭਰ ਜਾਂ ਆਤਮਨਿਰਭਰ ਹੋਣ ਸਬੰਧੀ ਹਲਫੀਆ ਬਿਆਨ ਦਿੱਤਾ ਜਾਵੇਗਾ ਜਿਸ ਦੇ ਆਧਾਰ ਤੇ ਹੀ ਨਿਰਭਰ ਮੈਂਬਰ/ ਮੈਂਬਰਾਂ ਨੂੰ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਵੇਗਾ।

5) ਜੇਕਰ ਨਿਰਭਰ ਮੈਂਬਰ ਮ੍ਰਿਤਕ ਦੀ ਮੌਤ ਸਮੇਂ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 03.07.2008 ਅਨੁਸਾਰ ਉਮਰ (ਅਰਥਾਤ ਨਾਬਾਲਗ ਹਨ) ਅਤੇ ਵਿੱਦਿਅਕ ਯੋਗਤਾ ਪੂਰੀ ਨਹੀਂ ਕਰਦੇ ਹਨ ਤਾਂ ਉਹ ਬਾਲਗ ਹੋਣ ਉਪਰੰਤ ਅਤੇ ਗਰੁੱਪ ਡੀ ਦੀ ਲੋੜੀਂਦੀ ਵਿੱਦਿਅਕ ਯੋਗਤਾ ਪੂਰੀ ਕਰਨ ਉਪਰੰਤ ਕੇਸ ਅਪਲਾਈ ਕਰਨਗੇ। ਜੇਕਰ ਉਸ ਉਪਰੰਤ ਵੀ ਉਹ ਪੜਾਈ ਜਾਰੀ ਰੱਖਦਾ/ ਰੱਖਦੀ ਹੈ ਤਾਂ ਗਰੁੱਪ ਸੀ ਲਈ ਲੋੜੀਂਦੀ ਵਿੱਦਿਅਕ ਯੋਗਤਾ ਪੂਰੀ ਕਰਨ ਉਪਰੰਤ, ਇਕ ਸਾਲ ਵਿੱਚ ਨੌਕਰੀ ਲਈ ਅਰਜ਼ੀ ਦੇਵੇਗਾ/ ਦੇਵੇਗੀ।

6) ਜੇਕਰ ਕੋਈ ਦਰਖਾਸ਼ਤੀ ਕਿਸੇ ਕਾਰਨ ਕਰਕੇ, ਜੋ ਉਸ ਦੇ ਵੱਸ ਤੋਂ ਬਾਹਰ ਹੋਵੇ, ਦੇਰੀ ਨਾਲ ਦਰਖਾਸਤ ਦਿੰਦਾ ਹੈ ਤਾਂ ਉਸਨੂੰ ਇਸ ਬਾਰੇ ਆਪਣਾ ਪੱਖ ਰੱਖਣਾ ਪਵੇਗਾ। ਦੇਰੀ ਕੰਡੋਨ ਕਰਵਾਉਣ ਹਿਤ ਕੇਸ ਪ੍ਰਸੋਨਲ ਵਿਭਾਗ ਨੂੰ ਭੇਜਣਯੋਗ ਹੈ ਜਾਂ ਨਹੀਂ ਬਾਰੇ ਫੈਸਲਾ ਪ੍ਰਬੰਧਕੀ ਸਕੱਤਰ, ਸਕੂਲ ਸਿੱਖਿਆ ਵੱਲੋਂ ਲਿਆ ਜਾਵੇਗਾ।

ਅ) <u>ਭਵਿੱਖ ਵਿੱਚ ਅਤੇ ਮੌਜੂਦਾ ਸਮੇਂ ਵਿੱਚ ਵਿਭਾਗ ਵਿੱਚ ਚਲ ਰਹੇ ਕੇਸਾਂ ਦਾ ਨਿਪਟਾਰਾ ਕਰਨ ਸਬੰਧੀ, ਕਮੇਟੀ ਦੀਆਂ ਸਿਫਾਰਸਾਂ:</u>

<u>ਹਦਾਇਤਾਂ ਮਿਤੀ 18.07.2005 ਅਨੁਸਾਰ:</u>

1.0 ਪਰਿਵਾਰ ਤੇ ਆਏ ਵਿੱਤੀ ਸੰਕਟ ਦਾ ਅਨੁਮਾਨ ਲਗਾਉਣ ਸਮੇਂ ਪਰਿਵਾਰ ਦੇ ਰਿਹਾਇਸੀ ਮਕਾਨ ਦੀ ਕੀਮਤ ਨਹੀਂ ਵਿਚਾਰੀ ਜਾਣੀ ਚਾਹੀਦੀ।

2.0 ਮ੍ਰਿਤਕ ਦੀ ਮੌਤ ਸਮੇਂ ਆਤਮਨਿਰਭਰ ਮੈਂਬਰ (ਪੁੱਤਰ/ ਪੁੱਤਰੀ), ਜੋ ਚਾਹੇ ਵਿਆਹਿਆ ਹੋਵੇ ਜਾਂ ਫੇਰ ਕੁਆਰਾ ਹੋਵੇ , ਦੀ ਆਮਦਨ ਪਰਿਵਾਰ ਦੀ ਆਮਦਨ ਵਿੱਚ ਸ਼ਾਮਿਲ ਨਹੀਂ ਕੀਤੀ ਜਾਣੀ ਚਾਹੀਦੀ ਹੈ। ਕੇਵਲ ਨਿਰਭਰ ਮੈਂਬਰ(

Scanned with OKEN Scanner

ਪੁੱਤਰੀ/ ਪੁੱਤਰੀ) ਜੋ ਵਿਆਹਿਆ/ ਕੁਆਰਾ) ਦੀ ਆਮਦਨ ਸਮੇਤ ਵਿਧਵਾ/ ਵਿਧੁਰ ਦੀ ਆਮਦਨ ਨੂੰ ਪਰਿਵਾਰ ਦੀ ਆਮਦਨ ਵਿੱਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ।

3.0 ਮ੍ਰਿਤਕ ਦੀ ਮੌਤ ਸਮੇਂ, ਨਾ ਕਿ ਨੌਕਰੀ ਲਈ ਦਰਖਾਸਤ ਦੇਣ ਦੀ ਮਿਤੀ ਸਮੇਂ ਪਰਿਵਾਰ ਦੀ ਆਮਦਨ ਦੇ ਆਧਾਰ ਤੇ ਹੀ ਤਰਸ ਦੇ ਆਧਾਰ ਤੇ ਨੌਕਰੀ ਲਈ ਦਰਖਾਸਤ ਨੂੰ ਵਿਚਾਰਿਆ ਜਾਵੇਗਾ।

4.0 ਮ੍ਰਿਤਕ ਦੀ ਆਮਦਨ ਸਮੇਤ ਪਰਿਵਾਰ ਦੀ ਹੋਰ ਆਮਦਨ ਨੂੰ ਇੱਕਠੇ ਵਿਚਾਰਦੇ ਹੋਏ, ਜੇਕਰ ਮ੍ਰਿਤਕ ਦੀ ਮੌਤ ਹੋ ਜਾਣ ਤੋਂ ਬਾਅਦ ਸਬੰਧਤ ਪਰਿਵਾਰ ਦੀ ਕੁੱਲ ਆਮਦਨ 30% ਜਾਂ ਇਸ ਤੋਂ ਵਧੇਰੇ ਪ੍ਰਤੀਸ਼ਤ ਘਟ ਗਈ ਹੋਵੇ, ਤਾਂ ਇਹ ਮੰਨਿਆ ਜਾਵੇਗਾ ਕਿ ਪਰਿਵਾਰ ਉਸ ਦੀ ਮੌਤ ਨਾਲ ਆਰਥਿਕ ਸੰਕਟ ਵਿੱਚ ਆ ਗਿਆ ਹੈ ਅਤੇ ਇਸ ਆਧਾਰ ਤੇ ਤਰਸ ਦ ਆਧਾਰ ਨਿਯੁਕਤੀ ਲਈ ਦਰਖਾਸਤ ਵਿਚਾਰੀ ਜਾਵੇਗੀ।

5.0 ਜੇਕਰ ਪਰਿਵਾਰ ਦੀਆਂ ਕੁੱਲ ਦੇਣਦਾਰੀਆਂ, ਪਰਿਵਾਰ ਦੀ 3 ਮਹੀਨਿਆਂ ਦੀ ਆਮਦਨ ਦੇ ਬਰਾਬਰ ਜਾਂ ਉਸ ਤੋਂ ਜਿਆਦਾ ਹਨ, ਤਾ ਇਹ ਮੰਨਿਆ ਜਾਵੇਗਾ ਕਿ ਪਰਿਵਾਰ ਵਿੱਚ ਵਿੱਤੀ ਔਕੜ ਪੈਦਾ ਹੋਈ ਹੈ ਅਤੇ ਉਸ ਅਨਸਾਰ ਬਿਨੈਕਾਰ ਦਾ ਕੇਸ ਤਰਸ ਦ ਆਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਵੇਗਾ।

6.0 ਉਪਰੋਕਤ ਅਨੁਸਾਰ ਹੀ ਪਰਿਵਾਰ ਤੇ ਕਰਮਚਾਰੀ ਦੀ ਮੌਤ ਕਾਰਨ ਪੈਦਾ ਹੋਏ ਵਿੱਤੀ ਸੰਕਟ ਦਾ ਫੈਸਲਾ ਲਿਆ ਜਾਵੇਗਾ।

<u>ਹਦਾਇਤਾਂ ਮਿਤੀ 29.01.2024/ਮਿਤੀ 31.01.2025 ਅਨੁਸਾਰ:</u>

1.0 ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 29.01.2024/31.01.2025 ਅਨੁਸਾਰ ਮ੍ਰਿਤਰ ਪਰਿਵਾਰ ਵਿੱਚ ਪੁਤਰੀ (including adopted daughter) ਦੇ ਤਰਸ ਦੇ ਆਧਾਰ ਤੇ ਨਿਯੁਕਤੀ ਦੇ ਕੇਸ ਵਿੱਚ ਕੇਸ ਦੀਆਂ ਪਰਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਰਿਟ ਦੇ ਆਧਾਰ ਤੇ ਵਿਚਾਰਿਆ ਜਾਣਾ ਬਣਦਾ ਹੈ ਕਿਉਂਜੇ ਇਹ ਹੋ ਸਕਦਾ ਹੈ ਕਿ ਇੱਕ ਇਕੱਲੀ ਲੜਕੀ ਵਿਆਹੇ ਹੋਣ ਤੋਂ ਬਾਅਦ ਵੀ ਮਾਪਿਆਂ ਦੀ ਦੇਖਭਾਲ ਕਰ ਰਹੀ ਹੈ (ਜਾਂ ਕੁਝ ਸਮਾਜਿਕ/ਆਰਥਿਕ ਮੁੱਦੇ ਸਨ ਤਾਂ ਆਰਥਿਕ ਸਥਿਤੀ ਦੇ ਨਾਲ-ਨਾਲ ਸਮਾਜਿਕ ਦ੍ਰਿਸ਼ਟੀਕੋਣ ਦੇ ਮੱਦੇਨਜ਼ਰ ਅਜਿਹੀ ਲੜਕੀ ਨੂੰ ਵੀ ਨੌਕਰੀ ਲਈ ਵਿਚਾਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ) ਜਿਸ ਕਾਰਨ ਇਹ ਨਿਯੁਕਤੀ ਦੇਣ ਜਾਂ ਵਿਚਾਰਨ ਦੀ ਲੋੜ ਹੈ। ਇਸ ਲਈ ਹਰੇਕ ਕੇਸ ਨੂੰ ਉਸਦੀ ਮੈਰਿਟ ਦੇ ਆਧਾਰ ਵਿਚਾਰਦੇ ਹੋਏ, ਕੇਸ ਦੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਕਰਨਾ ਬਣਦਾ ਹੈ।

ਅਧੀਨ ਸਕੱਤਰ ਸਕੂਲ ਸਿੱਖਿਆ

ਉਪ ਸਕੱਤਰ, ਸਕੂਲ ਸਿੱਖਿਆ

14.09.26

ਸੰਯੁਕਤ ਸਕੱਤਰ, ਸਕੂਲ ਸਿੱਖਿਆ

Scanned with OKEN Scanner